**50-ਐਸ.ਸੀ.ਓ.ਪੀ.(ਐਸ) ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਵਿੱਚ ਲੀਗਲ ਏਡ ਕਲੀਨਿੱਕ ਸਥਾਪਤ ਕਰਨ ਬਾਰੇ।**

ਲੀਗਲ ਏਡ ਕਲੀਨਿੱਕ ਸਥਾਪਤ ਕਰਨ ਦੀ ਸਕੀਮ ਇੱਕ ਨਵੀਂ ਸਕੀਮ ਹੈ। ਇਸ ਸਕੀਮ ਦਾ ਮੰਤਵ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਦੇ ਉਨ੍ਹਾਂ ਗਰੀਬ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨਾ ਹੈ ਜੋ ਕਿ ਆਦਲਤਾਂ ਅਤੇ ਵਕੀਲਾਂ ਦੇ ਖਰਚੇ ਨੂੰ ਸਹਿਣ ਨਾ ਕਰ ਸਕਣ ਕਾਰਨ ਕਾਨੂੰਨੀ ਹੱਕਾਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਇਸ ਸਕੀਮ ਅਧੀਨ ਰਾਜ ਵਿੱਚ ਸੰਵਿਧਾਨਿਕ ਮੰਗ ਅਤੇ ਰਾਜ ਦੀਆਂ ਹਾਂ-ਪੱਖੀ ਅਤੇ ਆਧੁਨਿਕ ਜਰੂਰਤਾਂ ਨੂੰ ਵੇਖਦੇ ਹੋਏ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਹੈ, ਜਿਸ ਅਨੁਸਾਰ ਸਮਾਜ ਦੇ ਜਿਆਦਾਤਰ ਲੋਕਾਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਵਾਉਣ ਸਬੰਧੀ ਵੈਲਫੇਅਰ ਸਟੇਟ ਦੇ ਤੌਰ ਤੇ ਕੰਮ ਕਰੇਗੀ।

ਇਸ ਸਕੀਮ ਅਧੀਨ ਜਿਲ੍ਹਾ ਪੱਧਰ ਤੇ ਅੰਬੇਦਕਰ ਭਵਨਾਂ ਵਿੱਚ ਲੀਗਲ ਏਡ-ਕਲੀਨਿੱਕ ਸਥਾਪਤ ਕੀਤੇ ਜਾਣੇ ਹਨ। ਇਹ ਕਲੀਨਿੱਕ ਜਿਲ੍ਹਾ ਪੱਧਰ ਤੇ ਪੜਾਅ ਵਾਰ ਪੰਜਾਬ ਲੀਗਲ ਸਰਵਿਸਜ਼, ਅਥਾਰਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਸਥਾਪਤ ਕੀਤੇ ਜਾਣੇ ਹਨ ਅਤੇ ਇਨ੍ਹਾਂ ਕਲੀਨਿੱਕਾਂ ਵਿੱਚ ਯੋਗ ਕਾਨੂੰਨੀ ਮਾਹਿਰ ਵਕੀਲਾਂ ਰਾਹੀਂ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਹ ਮਾਹਿਰ ਇਸ ਮੰਤਵ ਲਈ ਕਾਊਂਸਲਰ ਦੇ ਤੌਰ ਤੇ ਕੰਮ ਕਰਨਗੇ।